# ਕਰਮਚਾਰੀ ਅਧਿਕਾਰਾਂ ਸੰਬੰਧੀ ਸੂਚਨਾ ਸੁਰੱਖਿਅਤ ਅਤੇ ਬੀਮਾਰ ਛੁੱਟੀ:

ਤੁਹਾਨੂੰ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਅਤੇ ਪੇਡ ਪ੍ਰੀਨੇਟਲ ਲੀਵ ਦਾ ਅਧਿਕਾਰ ਹੈ। ਤੁਹਾਡੀ ਇਮੀਗ੍ਰੇਸ਼ਨ ਦੀ ਸਥਿਤੀ ਕੋਈ ਵੀ ਹੋਵੇ, ਤੁਹਾਡੇ ਕੋਲ ਇਹ ਅਧਿਕਾਰ ਮੌਜੂਦ ਹੈ। ਤੁਹਾਡੇ ਮਾਲਿਕ ਦੁਆਰਾ ਤੁਹਾਡੇ ਅਧਿਕਾਰਾਂ ਦੀ ਵਿਆਖਿਆ ਕਰਦੇ ਹੋਏ ਇਹ ਨੋਟਿਸ ਤੁਹਾਨੂੰ ਦੇਣਾ ਜ਼ਰੂਰੀ ਹੈ।

## ਛੁੱਟੀਆਂ ਦੀ ਗਿਣਤੀ:

| **ਸੁਰੱਖਿਅਤ ਅਤੇ ਬੀਮਾਰ ਛੁੱਟੀ**<br>(ਆਪਣੀ ਜਾਂ ਕਿਸੇ ਵੀ ਵਿਅਕਤੀ ਦੀ ਦੇਖਭਾਲ ਜਿਸਨੂੰ ਤੁਸੀਂ ਪਰਿਵਾਰ ਸਮਝਦੇ ਹੋ) | **ਪੇਡ ਪ੍ਰੀਨੈਟਲ ਲੀਵ**<br>(ਗਰਭ-ਅਵਸਥਾ ਦੌਰਾਨ ਆਪਣੇ ਲਈ ਸਿਹਤ ਸੰਭਾਲ) |
|---|---|
| • ਸਾਰੇ ਮਾਲਕਾਂ ਨੂੰ ਹਰ ਕੈਲੰਡਰ ਸਾਲ ਵਿੱਚ **40 ਘੰਟਿਆਂ** ਤੱਕ ਦੀ **ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ** ਪ੍ਰਦਾਨ ਕਰਨੀ ਚਾਹੀਦੀ ਹੈ।<br>• 100 ਜਾਂ ਵੱਧ ਕਰਮਚਾਰੀਆਂ ਵਾਲੇ ਮਾਲਕਾਂ ਨੂੰ ਹਰ ਕੈਲੰਡਰ ਸਾਲ ਵਿੱਚ **56 ਘੰਟਿਆਂ ਤੱਕ ਦੀ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ** ਦੇਣੀ ਚਾਹੀਦੀ ਹੈ।<br>*ਪੂਰੇ ਸਮੇਂ ਅਤੇ ਪਾਰਟ-ਟਾਈਮ ਕਰਮਚਾਰੀ ਹਰੇਕ **30 ਘੰਟੇ ਕੰਮ ਕਰਨ 'ਤੇ 1 ਘੰਟੇ** ਦੀ ਦਰ ਨਾਲ ਸੁਰੱਖਿਅਤ ਅਤੇ ਬਿਮਾਰੀ ਸੰਬੰਧੀ ਛੁੱਟੀ ਪ੍ਰਾਪਤ ਕਰਦੇ ਹਨ।* | • ਸਾਰੇ ਰੋਜ਼ਗਾਰਦਾਤਿਆਂ ਨੂੰ **20 ਘੰਟਿਆਂ ਦੀ ਪੇਡ ਪ੍ਰੀਨੈਟਲ ਲੀਵ** ਦਾ ਇੱਕ ਵੱਖਰਾ ਖਾਤਾ ਪ੍ਰਦਾਨ ਕਰਨਾ ਚਾਹੀਦਾ ਹੈ। |

ਤੁਹਾਡੇ ਮਲਿਕ ਦਾ ਕੈਲੰਡਰ ਸਾਲ ਹੈ: ______________________ ਤੋਂ ______________________
ਪਹਿਲਾ ਮਹੀਨਾ ਆਖਰੀ ਮਹੀਨਾ

ਤੁਹਾਡੇ ਕੋਲ **ਅਦਾਇਗੀ** ਸੁਰੱਖਿਅਤ ਅਤੇ ਬਿਮਾਰ ਛੁੱਟੀ ਦਾ ਅਧਿਕਾਰ ਹੈ ਜੇ:

- ਤੁਹਾਡੇ ਮਲਿਕ ਕੋਲ 5 ਜਾਂ ਇਸਤੋਂ ਵੱਧ ਕਰਮਚਾਰੀ ਹਨ।
- ਤੁਹਾਡੇ ਰੋਜ਼ਗਾਰਦਾਤਾ ਕੋਲ 5 ਤੋਂ ਘੱਟ ਕਰਮਚਾਰੀ ਹਨ ਪਰ ਉਸਦੀ ਕੁੱਲ ਆਮਦਨ $1 ਮਿਲੀਅਨ ਜਾਂ ਵੱਧ ਹੈ।
- ਤੁਸੀਂ ਕਿਸੇ ਦੇ ਘਰ ਘਰੇਲੂ ਕਰਮਚਾਰੀ ਵਜੋਂ ਕੰਮ ਕਰਦੇ ਹੋ; ਉਦਾਹਰਣ ਵਜੋਂ, ਬੇਬੀਸਿਟਰ, ਹਾਊਸਕੀਪਰ ਜਾਂ ਸਾਥੀ ਵਰਕਰ।
  *ਧਿਆਨ ਦਿਓ: ਕਾਨੂੰਨ ਕਿਸੇ ਘਰ ਵਿੱਚ ਕੰਮ ਕਰਨ ਵਾਲੇ 1 ਜਾਂ ਇਸਤੋਂ ਵੱਧ ਘਰੇਲੂ ਕਰਮਚਾਰੀਆਂ ਨੂੰ ਕਵਰ ਕਰਦਾ ਹੈ।*

ਤੁਹਾਡੇ ਕੋਲ**ਬਿਨਾਂ ਤਨਖਾਹ ਵਾਲੀ** ਸੁਰੱਖਿਅਤ ਅਤੇ ਬਿਮਾਰ ਛੁੱਟੀ ਦਾ ਅਧਿਕਾਰ ਹੈ ਜੇ:

- ਤੁਹਾਡੇ ਮਲਿਕ ਕੋਲ 5 ਜਾਂ ਇਸਤੋਂ ਘੱਟ ਕਰਮਚਾਰੀ ਹਨ ਅਤੇ ਕੁੱਲ ਆਮਦਨ $1 ਮਿਲੀਅਨ ਤੋਂ ਘੱਟ ਹੈ।

ਤੁਸੀਂ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਗੈਰ ਇਸਤੇਮਾਲ ਕੀਤੀ ਛੁੱਟੀ ਨੂੰ ਅਗਲੇ ਕੈਲੰਡਰ ਸਾਲ ਵਿੱਚ ਜਾਰੀ ਰੱਖ ਸਕਦੇ ਹੋ।

## ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਦੀ ਮਾਤਰਾਦਾ ਇਸਤੇਮਾਲ:

- ਇਸਨੂੰ ਡਾਕਟਰੀ ਦੇਖਭਾਲ ਪ੍ਰਾਪਤ ਕਰਨ ਜਾਂ ਬਿਮਾਰੀ ਜਾਂ ਸੱਟ ਤੋਂ ਰਿਕਵਰ ਹੋਣ ਸਮੇਤ ਆਪਣੀ ਸਿਹਤ ਦੀ ਦੇਖਭਾਲ ਲਈ ਇਸਤੇਮਾਲ ਕਰੋ।
- ਇਸਦੀ ਵਰਤੋਂ ਪਰਿਵਾਰ ਦੇ ਕਿਸੇ ਮੈਂਬਰ ਦੀ ਦੇਖਭਾਲ ਲਈ ਕਰੋ ਜੋ ਬਿਮਾਰ ਹੈ ਜਾਂ ਜਿਸਦੀ ਡਾਕਟਰੀ ਮੁਲਾਕਾਤ ਹੈ।
- ਇਸਨੂੰ ਉਦੋਂ ਇਸਤੇਮਾਲ ਕਰੋ ਜਦੋਂ ਤੁਹਾਡੀ ਨੌਕਰੀ ਜਾਂ ਬੱਚੇ ਦਾ ਸਕੂਲ ਕਿਸੇ ਜਨਤਕ ਸਿਹਤ ਆਪਾਤਕਾਲ ਕਰਕੇ ਬੰਦ ਹੋ ਜਾਂਦਾ ਹੈ।
- ਇਸਨੂੰ ਘਰੇਲੂ ਹਿੰਸਾ, ਅਣਚਾਹੇ ਜਿਣਸੀ ਸੰਪਰਕ, ਪਿੱਛਾ ਕੀਤੇ ਜਾਣ, ਜਾਂ ਮਨੁੱਖੀ ਤਸਕਰੀ ਤੋਂ ਆਪਣੀ ਜਾਂ ਆਪਣੇ ਪਰਿਵਾਰਕ ਸਦੱਸ ਦੀ ਸੁਰੱਖਿਆ ਕਰਨ ਲਈ ਇਸਤੇਮਾਲ ਕਰੋ।

ਤੁਹਾਡਾ ਮਲਿਕ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਦੇ ਯੋਜਨਾਬੱਧ ਇਸਤੇਮਾਲ ਸੰਬੰਧੀ ਤੁਹਾਡੇ ਕੋਲੋਂ ਪਹਿਲਾਂ ਸੂਚਨਾ ਦੀ ਮੰਗ ਕਰ ਸਕਦਾ ਹੈ; ਜਿਵੇਂ ਕਿ ਕਿਸੇ ਸਮਾਂਬੱਧ ਡਾਕਟਰੀ ਮੁਲਾਕਾਤ ਜਾਂ ਅਦਾਲਤ ਦੀ ਸੁਣਵਾਈ ਲਈ। ਤੁਹਾਨੂੰ ਛੁੱਟੀ ਦੇ ਅਣਕਿਆਸੇ ਇਸਤੇਮਾਲ ਬਾਰੇ ਪਹਿਲਾਂ ਤੋਂ ਸੂਚਨਾ ਦੇਣ ਦੀ ਲੋੜ ਨਹੀਂ ਹੈ; ਉਦਾਹਰਣ ਵਜੋਂ, ਬਿਮਾਰੀ ਜਾਂ ਡਾਕਟਰੀ ਐਮਰਜੈਂਸੀ।

ਤੁਹਾਡੇ ਕੋਲ ਸ਼ਿਕਾਇਤ ਦਰਜ ਕਰਵਾਉਣਗੁਪਤਤਾ ਦਾ ਅਧਿਕਾਰ ਮੌਜੂਦ ਹੈ। ਤੁਹਾਨੂੰ ਆਪਣੇ ਰੋਜ਼ਗਾਰਦਾਤਾ ਨੂੰ ਇਸ ਬਾਰੇ ਵੇਰਵੇ ਦੇਣ ਦੀ ਲੋੜ ਨਹੀਂ ਹੈ ਕਿ ਤੁਸੀਂ ਛੁੱਟੀ ਕਿਉਂ ਕੀਤੀ।

ਜੇਕਰ ਤੁਸੀਂ ਲਗਾਤਾਰ ਤਿੰਨ ਤੋਂ ਵੱਧ ਕੰਮਕਾਜੀ ਦਿਨਾਂ ਦੀ ਛੁੱਟੀ ਵਰਤਦੇ ਹੋ, ਤਾਂ ਤੁਹਾਡਾ ਰੋਜ਼ਗਾਰਦਾਤਾ ਦਸਤਾਵੇਜ਼ਾਂ ਦੀ ਮੰਗ ਕਰ ਸਕਦਾ ਹੈ।

## ਲੋੜੀਂਦੇ ਲਿਖਤੀ ਖੁਲਾਸੇ:

ਤੁਹਾਡੇ ਮਾਲਕ ਨੂੰ:

- ਤੁਹਾਨੂੰ ਇੱਕ ਲਿਖਤੀ ਪਾਲਿਸੀ ਦੇਣੀ ਚਾਹੀਦੀ ਹੈ ਜੋ ਦੱਸਦੀ ਹੈ ਕਿ ਤੁਹਾਡੇ ਲਾਭਾਂ ਦੀ ਵਰਤੋਂ ਕਿਵੇਂ ਕਰਨੀ ਹੈ।
- ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਹਰੇਕ ਤਨਖਾਹ ਅਵਧੀ ਵਿੱਚ ਕਿੰਨੀ ਛੁੱਟੀ ਇਸਤੇਮਾਲ ਕੀਤੀ ਹੈ ਅਤੇ ਕਿੰਨੀ ਛੱਡੀ ਹੈ।

## ਕੋਈ ਪ੍ਰਤਿਸ਼ੋਧ (ਬਦਲਾ) ਨਹੀਂ:

ਛੁੱਟੀ ਮੰਗਣ ਜਾਂ ਵਰਤਣ ਜਾਂ ਉਲੰਘਣਾਵਾਂ ਦੀ ਰਿਪੋਰਟ ਕਰਨ ਲਈ ਕਰਮਚਾਰੀਆਂ ਨੂੰ ਸਜ਼ਾ ਦੇਣਾ ਜਾਂ ਬਰਖਾਸਤ ਕਰਨਾ ਗੈਰ-ਕਾਨੂੰਨੀ ਹੈ।

NYC Consumer and Worker Protection

**ਵਧੇਰੇ ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਰਜ ਕਰਵਾਉਣ ਲਈ ਕੰਜ਼ਿਊਮਰ ਐਂਡ ਵਰਕਰ ਪ੍ਰੋਟੈਕਸ਼ਨ ਨੂੰ ਸੰਪਰਕ ਕਰੋ।**

**nyc.gov/workers** ਤੇ ਜਾਓ | **311** ਤੇ ਕਾਲ ਕਰੋ ਅਤੇ "ਅਦਾਇਗੀ ਵਾਲੀ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ" ਲਈ ਕਹੋ

ਤੁਸੀਂ ਇੱਕ ਗੁਪਤ ਟਿੱਪ ਵੀ ਤਿਆਰ ਕਰ ਸਕਦੇ ਹੋ।

05/30/2025